~~ETY OF SCHOOL BUILDING~~

# ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਗੁਰਦਾਸਪੁਰ।

ਈਮੇਲ:eepdgdspwdpb@gmail.com

ਵੱਲ

ਜ਼ਿਲ੍ਹਾ ਸਿੱਖਿਆ ਅਫਸਰ,
ਗੁਰਦਾਸਪੁਰ।

ਨੰਬਰ 2921 / ਮਿਤੀ 14-8-26

ਵਿਸ਼ਾ:- **ਬਿਲਡਿੰਗ ਸੇਫਟੀ ਸਰਟੀਫਿਕੇਟ ਜ਼ੀ.ਬੀ ਰਾਇਲ ਇੰਟਰਨੈਸ਼ਨਲ ਸਕੂਲ ਢਿਲਵਾਂ, ਕੋਟਲੀ ਸੂਰਤ ਮੱਲੀ ਜਿਲ੍ਹਾ ਗੁਰਦਾਸਪੁਰ (ਸਾਲ 2026-27) ਜਾਰੀ ਕਰਨ ਬਾਰੇ।**

ਹਵਾਲਾ:- ਆਪ ਜੀ ਦਾ ਪੱਤਰ ਨੰ: ਜੀ-3/2026/ 13789 ਮਿਤੀ: 18.05.2026

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ:2, ਗੁਰਦਾਸਪੁਰ ਵਲੋਂ ਪੱਤਰ ਨੰ: 185 ਮਿਤੀ: 12.08.2026 ਰਾਹੀਂ ਰਿਪੋਰਟ ਕੀਤੀ ਹੈ ਕਿ **ਜ਼ੀ.ਬੀ ਰਾਇਲ ਇੰਟਰਨੈਸ਼ਨਲ ਸਕੂਲ ਢਿਲਵਾਂ, ਕੋਟਲੀ ਸੂਰਤ ਮੱਲੀ *ਜਿਲ੍ਹਾ ਗੁਰਦਾਸਪੁਰ*** ਦੀ ਇਮਾਰਤ ਦਾ ਨਿਰੀਖਣ ਕੀਤਾ ਗਿਆ ਹੈ ਅਤੇ ਇਹ ਇਮਾਰਤ 31.03.2027 ਤੱਕ ਆਮ ਇਸਤੇਮਾਲ ਲਈ ਸੁਰੱਖਿਅਤ ਪਾਈ ਗਈ ਹੈ।ਫਾਇਰ ਸੁਰੱਖਿਆ ਸਬੰਧੀ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਜ਼, ਗੁਰਦਾਸਪੁਰ ਵਲੋਂ ਪੱਤਰ ਨੰ: **PBIP-(FIRE) 2026/4192** ਮਿਤੀ: 18.03.2026 ਰਾਂਹੀ ਤਿੰਨ ਸਾਲ ਲਈ ਅੱਗ ਬੁਝਾਊ ਯੰਤਰ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ।

ਨੋਟ:-

1) ਕੁਦਰਤੀ ਆਫਤ ਕਰਕੇ ਜਾਂ ਕਿਸੇ ਵੀ ਹੋਰ ਕਾਰਨ ਸਕੂਲ ਦੀ ਇਸ ਇਮਾਰਤ ਦੀਆਂ ਦੀਵਾਰਾਂ/ਸਲੈਬ ਆਦਿ ਵਿੱਚ ਕੋਈ ਕਰੈਕ/ਸੈਟਲਮੈਂਟ ਜਾਂ ਪਲੱਸਤਰ ਆਦਿ ਵਿੱਚ ਕਿਤੇ ਕੋਈ ਵੀ ਨੁਕਸ ਉਨ੍ਹਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਹ ਸਕੂਲ ਦੇ ਉਸ ਹਿੱਸੇ ਦੀ ਵਰਤੋਂ ਨਹੀਂ ਕਰਣਗੇ ਅਤੇ ਤੁਰੰਤ ਸਕੂਲ ਦੀ ਇਮਾਰਤ ਦਾ ਮੁੜ ਨਰੀਖਣ ਕਰਾਉਣ ਦੇ ਪਾਬੰਧ ਹੋਣਗੇ। ਇਸ ਤਰ੍ਹਾਂ ਨਾਂ ਕਰਨ ਤੇ ਜੇਕਰ ਕੋਈ ਅਣ-ਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਵਾਰ ਹੋਵੇਗੀ।
2) ਜੇਕਰ ਇਸ ਸਮੇਂ ਦੌਰਾਨ ਸਕੂਲ ਦੀ ਬਿਲਡਿੰਗ ਵਿੱਚ ਵਾਧਾ ਜਾ ਨਵੀਂ ਮੰਜਿਲ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਸ ਸਬੰਧੀ ਸਕੂਲ ਅਥਾਰਟੀ/ਮੈਨੇਜਮੈਂਟ ਇਸ ਵਿਭਾਗ ਨੂੰ ਜਾਣੂੰ ਕਰਵਾਉਣ ਦੀ ਪਾਬੰਧ ਹੋਵੇਗੀ। ਇਸ ਤਰ੍ਹਾਂ ਨਾਂ ਕਰਨ ਤੇ ਜੇਕਰ ਕੋਈ ਅਣ-ਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਵਾਰ ਹੋਵੇਗੀ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭਤੇਮ ਸ਼ਾਖਾ,
ਗੁਰਦਾਸਪੁਰ।

ਪਿੱਠ ਅੰਕਣ ਨੰ:_________/ ਮਿਤੀ __________

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ, ਜ਼ੀ.ਬੀ ਰਾਇਲ ਇੰਟਰਨੈਸ਼ਨਲ ਸਕੂਲ ਢਿਲਵਾਂ, ਕੋਟਲੀ ਸੂਰਤ ਮੱਲੀ ਜਿਲ੍ਹਾ ਗੁਰਦਾਸਪੁਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਸਰਟੀਫਿਕੇਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭਤੇਮ ਸ਼ਾਖਾ,
ਗੁਰਦਾਸਪੁਰ।